# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 20 ਸਤੰਬਰ 2025 ਦਿਨ ਸ਼ਨੀਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸ਼ੇਖ ਬਾਬਾ ਫਰੀਦ ਜੀ ਦੇ 58ਵੇ ਆਗਮਨ ਪੁਰਬ ਨੂੰ ਸਮਰਪਿਤ 9 ਰੋਜ਼ਾ ਖੂਨਦਾਨ ਕੈਂਪ ਸ਼ੁਰੂ ।

ਫ਼ਰੀਦਕੋਟ 20 ਸਤੰਬਰ : ਸ਼ੇਖ ਬਾਬਾ ਫਰੀਦ ਜੀ ਦੇ 58ਵੇਂ ਆਗਮਨ ਪੁਰਬ ਨੂੰ ਸਮਰਪਿਤ ਬਾਬਾ ਫਰੀਦ ਜੀ ਬਲੱਡ ਸੇਵਾ ਸੁਸਾਇਟੀ ਰਜਿ. ਫ਼ਰੀਦਕੋਟ ਵੱਲੋਂ ਮਹਾਂਕਾਲ ਸਵਰਗ ਧਾਮ ਸੇਵਾ ਸੋਸਾਇਟੀ ਦੇ ਸਹਿਯੋਗ ਨਾਲ ਵਿਸ਼ਾਲ 9 ਰੋਜ਼ਾ ਖੂਨਦਾਨ ਕੈਂਪ ਸਥਾਨਕ ਕਿਲਾ ਮੁਬਾਰਕ ਚੌਂਕ ਵਿਖੇ ਲਗਾਇਆ ਗਿਆ।

ਅੱਜ ਕੈਂਪ ਦੀ ਸ਼ੁਰੂਆਤ ਸਮੇਂ ਮੁੱਖ ਮਹਿਮਾਨ ਵਜੋਂ ਡਾਕਟਰ "ਚੰਦਰ ਸ਼ੇਖਰ ਕੱਕੜ" ਸਿਵਲ ਸਰਜਨ ਫ਼ਰੀਦਕੋਟ ਅਤੇ ਵਿਸ਼ੇਸ਼ ਮਹਿਮਾਨ ਵਜੋਂ ਡਾਕਟਰ ਵਿਸ਼ਵਦੀਪ ਗੋਇਲ ਡਿਪਟੀ ਮੈਡੀਕਲ ਕਮਿਸ਼ਨਰ ਅਤੇ ਅਮਨਦੀਪ ਸਿੰਘ ਬਾਬਾ,ਚੇਅਰਮੈਨ ਮਾਰਕੀਟ ਕਮੇਟੀ ਵਿਸ਼ੇਸ਼ ਤੌਰ ਤੇ ਪਹੁੰਚੇ। ਇਸ ਮੌਕੇ ਤੇ ਬੋਲਦਿਆਂ ਡਾਕਟਰ ਚੰਦਰ ਸ਼ੇਖਰ ਕੱਕੜ ਨੇ ਕਿਹਾ ਕਿ ਇਹਨਾਂ ਨੌਜਵਾਨਾਂ ਵੱਲੋਂ ਕੀਤਾ ਜਾਂਦਾ ਇਹ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਹੈ ਅਤੇ ਮਨੁੱਖਤਾ ਨੂੰ ਸਮਰਪਿਤ ਨੇਕ ਕਾਰਜ ਹੈ , ਕਿਉਂਕਿ ਜਰੂਰਤ ਸਮੇਂ ਕਿਸੇ ਵੀ ਮਰੀਜ਼ ਨੂੰ ਦਿੱਤਾ ਜਾਣ ਵਾਲਾ ਖੂਨ ਸਿਰਫ ਮਨੁੱਖ ਦੁਆਰਾ ਹੀ ਦਿੱਤਾ ਜਾ ਸਕਦਾ ਹੈ। ਜਿਸ ਨੂੰ ਮਨਸੂਈ ਤੌਰ ਤੇ ਨਹੀਂ ਬਣਾਇਆ ਜਾ ਸਕਦਾ ਅਤੇ ਇਹ ਨੌਜੁਆਨ ਆਪਣਾ ਖੂਨਦਾਨ ਕਰਨ ਦੇ ਨਾਲ ਨਾਲ, ਇਸ ਤਰਾਂ ਕੇ ਕੈਂਪ ਲਗਾ ਕੇ ਆਮ ਲੋਕਾਂ ਨੂੰ ਵੀ ਖੂਨਦਾਨ ਸਬੰਧੀ ਜਾਗਰੂਕ ਕਰ ਰਹੇ ਹਨ। ਇਸ ਮੌਕੇ ਤੇ ਬੋਲਦੇ ਹੋਏ ਡਿਪਟੀ ਮੈਡੀਕਲ ਕਮਿਸ਼ਨਰ ਡਾਕਟਰ ਵਿਸ਼ਵਦੀਪ ਗੋਇਲ ਅਤੇ ਚੇਅਰਮੈਨ ਮਾਰਕੀਟ ਕਮੇਟੀ ਫ਼ਰੀਦਕੋਟ ਅਮਨਦੀਪ ਸਿੰਘ ਬਾਬਾ ਨੇ ਸੋਸਾਇਟੀ ਮੈਂਬਰਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅੱਜ ਦੀ ਨੌਜਵਾਨ ਪੀੜੀ ਨੂੰ , ਇਹਨਾਂ ਸਮਾਜ ਸੇਵੀਆਂ ਤੋਂ ਸੇਧ ਲੈਂਦੇ ਹੋਏ ਵੱਧ ਤੋਂ ਵੱਧ ਖੂਨਦਾਨ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।




ਇਸ ਮੌਕੇ ਪਹੁੰਚੇ ਮਹਿਮਾਨਾਂ ਨੂੰ ਜੀ ਆਇਆਂ ਕਹਿੰਦੇ ਹੋਏ , ਮਹਾਂ ਕਾਲ ਸਵਰਗ ਧਾਮ ਸੇਵਾ ਸੁਸਾਇਟੀ ਦੇ ਪ੍ਰਧਾਨ ਡਾਕਟਰ ਬਲਜੀਤ ਸ਼ਰਮਾ ਗੋਲੇਵਾਲਾ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ , ਸੋਸਾਇਟੀ ਦੀਆਂ ਸੇਵਾਵਾਂ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਵੱਲੋਂ ਇਹਨਾਂ ਨੂੰ ਪਿਛਲੇ ਦੋ ਸਾਲ ਤੋਂ ਲਗਾਤਾਰ ਸਟੇਟ ਅਵਾਰਡ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ, ਅਤੇ ਪਿਛਲੇ ਸਾਲ ਸ਼ੁਰੂ ਹੋਇਆ ਸਵ ਸਰਦਾਰ ਇੰਦਰਜੀਤ ਸਿੰਘ ਖਾਲਸਾ ਅਵਾਰਡ ਵੀ ਇਸੇ ਸੁਸਾਇਟੀ ਨੂੰ ਦਿੱਤਾ ਗਿਆ ਸੀ। ਸੁਸਾਇਟੀ ਵੱਲੋਂ ਸਾਲ 2023 ਵਿੱਚ 2500 ਯੂਨਿਟ ਅਤੇ 2024 ਵਿੱਚ 3500 ਯੂਨਿਟ ਅਤੇ ਹੁਣ 2025 ਵਿੱਚ 5000 ਤੋਂ ਵੱਧ ਯੂਨਿਟ ਦੀ ਸੇਵਾ ਪੰਜਾਬ ਦੇ ਸਰਕਾਰੀ ਬਲੱਡ ਬੈਂਕਾਂ ਨੂੰ ਦਿੱਤੀ ਜਾ ਚੁੱਕੀ ਹੈ। ਬਾਬਾ ਫ਼ਰੀਦ ਆਗਮਨ ਪੁਰਬ ਦੀ ਸ਼ੁਰੂਆਤ ਸਮੇਂ 11 ਸਤੰਬਰ ਨੂੰ 405 ਯੂਨਿਟ ਸਥਾਨਕ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਦੀ ਟੀਮ ਦੁਆਰਾ ਇਕੱਠੇ ਕੀਤੇ ਗਏ ਸਨ ਅਤੇ ਅੱਜ ਦੇ ਕੈਂਪ ਵਿੱਚ 100 ਤੋਂ ਉੱਪਰ ਯੂਨਿਟ ਸ਼੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਅਤੇ ਹਸਪਤਾਲ ਸ਼੍ਰੀ ਅੰਮ੍ਰਿਤਸਰ ਸਾਹਿਬ ਦੀ ਟੀਮ ਵੱਲੋਂ ਇਕੱਤਰ ਕੀਤੇ ਗਏ ਹਨ ਅਤੇ ਇਹ ਕੈਂਪ ਲਗਾਤਾਰ 9 ਦਿਨ 25 ਸਤੰਬਰ ਤੱਕ ਸਥਾਨਕ ਕਿਲਾ ਮੁਬਾਰਕ ਚੌਂਕ ਵਿਖੇ ਜਾਰੀ ਰਹੇਗਾ ਅਤੇ 21 ਸਤੰਬਰ ਤੋਂ 23 ਸਤੰਬਰ ਤੱਕ ਗੋਦੜੀ ਸਾਹਿਬ ਵਿਖੇ ਵੀ ਤਿੰਨ ਦਿਨਾਂ ਖੂਨ ਦਾਨ ਕੈਂਪ ਲਗਾਇਆ ਜਾ ਰਿਹਾ। ਇਸ ਮੌਕੇ ਤੇ ਸਹਾਰਾ ਸੇਵਾ ਸੋਸਾਇਟੀ ਦੇ ਪ੍ਰਧਾਨ ਅਸ਼ੋਕ ਭਟਨਾਗਰ, ਚੇਅਰਮੈਨ ਪ੍ਰਵੀਨ ਕਾਲਾ, ਮੁਸਲਿਮ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਦਿਲਾਵਰ ਹੁਸੈਨ, ਮਹਾਂ ਕਾਲ ਸਵਰਗ ਧਾਮ ਸੇਵਾ ਸੁਸਾਇਟੀ ਦੇ ਸਕੱਤਰ ਪ੍ਰਿੰਸੀਪਲ ਡਾਕਟਰ ਪਰਮਿੰਦਰ ਸਿੰਘ,ਬਾਬਾ ਇੰਦਰਜੀਤ ਸਿੰਘ ਬਰਾੜ ,ਗੁਰਮੀਤ ਸਿੰਘ, ਕਰਮਜੀਤ ਸਿੰਘ ਕਾਕਾ, ਗੁਰਮੀਤ ਸਿੰਘ ਬੱਗੂ, ਸੁਰਿੰਦਰ ਸਿੰਘ ਕੋਹਲੀ ਅਤੇ ਬਾਬਾ ਫਰੀਦ ਬਲੱਡ ਸੇਵਾ ਸੁਸਾਇਟੀ ਦੇ ਪ੍ਰਧਾਨ ਰਾਜਵੀਰ ਸਿੰਘ ਗੋਲੇਵਾਲਾ ਅਤੇ ਸਕੱਤਰ ਸੁਖਬੀਰ ਸਿੰਘ ਰੱਤੀ ਰੋੜੀ ਦੀ ਅਗਵਾਈ ਹੇਠ ਸਮੁੱਚੀ ਟੀਮ ਜਿਹਨਾਂ ਵਿੱਚ ਮੀਤ ਪ੍ਰਧਾਨ ਗੁਰਦੇਵ ਸਿੰਘ, ਸਲਾਹਕਾਰ ਗੁਰਸੇਵਕ ਸਿੰਘ ਥਾੜਾ, ਸਤਨਾਮ ਸਿੰਘ ਖ਼ਜਾਨਚੀ, ਸ਼ਿਵਨਾਥ ਦਰਦੀ ਪ੍ਰੈੱਸ ਸਕੱਤਰ, ਵਿਸ਼ਾਲ ਸਹਾਇਕ ਪ੍ਰੈੱਸ ਸਕੱਤਰ, ਪ੍ਰੋਫੈਸਰ ਭੁਪਿੰਦਰ ਸਿੰਘ, ਸਤਨਾਮ ਸਿੰਘ, ਡਾਕਟਰ ਦਲਜੀਤ ਸਿੰਘ ਡੱਲੇਵਾਲਾ,ਮੈਨੇਜਰ ਜੱਸੀ ਥਾੜਾ, ਅਮਨ ਨਵਾਂ ਕਿਲਾ, ਜਸਕਰਨ ਸਿੰਘ ਫਿੱਡੇ, ਸਾਗਰ,ਬਿੱਲਾ, ਪਾਲਾ ਰੋਮਾਣਾ, ਸੀਨੀਅਰ ਸਲਾਹਕਾਰ ਕਾਕਾ ਖਾਰਾ, ਡਾਕਟਰ ਭਲਿੰਦਰ ਸਿੰਘ, ਸਟਾਕ ਮੈਨੇਜਰ ਸਵਰਾਜ ਸਿੰਘ,ਅਰਸ਼ ਕੋਠੇ ਧਾਲੀਵਾਲ, ਮਨਪ੍ਰੀਤ ਸੰਧੂ, ਵਿੱਕੀ ਗਿੱਲ, ਕਾਕਾ ਘੁਗਿਆਣਾ,ਜੈਦੀਪ, ਸੁਖਚੈਨ ਕਾਬਲਵਾਲਾ, ਮਾਸਟਰ ਹਰਜੀਤ ਸਿੰਘ ਢੀਮਾਂ ਵਾਲੀ, ਹਰਪ੍ਰੀਤ ਸਿੰਘ ਢਿਲਵਾਂ, ਸਾਹਿਲ, ਕਾਕਾ ਘੁਗਿਆਣਾ,ਕਾਲਾ ਡੋਡ, ਗੁਰਨੂਰ ਸਿੰਘ, ਅਰਮਾਨ ਸਿੰਘ,ਕਰਨ ਸਿੰਘ, ਗਰਦੌਰ ਦਾਨਾ ਰੋਮਾਣਾ, ਕੁਲਵੰਤ ਸਿੰਘ,ਹਰਮਨ ਔਲਖ, ਹੈਰੀ, ਆਕਾਸ਼ ਦੀਪ,ਬਿੰਦਰ ਮਿਸ਼ਰੀ ਵਾਲਾ, ਤਜਿੰਦਰ ਸੁੱਖਣ ਵਾਲਾ, ਅਰਸ਼ ਗੋਲੇਵਾਲਾ, ਪਾਰਸ, ਮੀਤੀ,ਸੁੱਖਾ, ਮਨਤਾਰ, ਆਦਿ ਮੈਂਬਰਾਂ ਦਾ ਇਸ ਕੈਂਪ ਦੀ ਸਫਲਤਾ ਵਿੱਚ ਅਹਿਮ ਯੋਗਦਾਨ ਰਿਹਾ।

ਇਸ ਕੈਂਪ ਵਿੱਚ ਰਿਫਰੈਸ਼ਮੈਂਟ ਵਜੋਂ ਦੁੱਧ ਦੀ ਸੇਵਾ ਚਰਨਾ ਐਲਮੀਨੀਅਮ ਫੈਬਰਿਕੇਟਰਸ ਅਤੇ ਲੰਗਰ ਦੀ ਸੇਵਾ ਮਹਾਂਕਾਲ ਸਵਰਗ ਧਾਮ ਸੇਵਾ ਸੁਸਾਇਟੀ ਫ਼ਰੀਦਕੋਟ ਵੱਲੋਂ ਕੀਤੀ ਗਈ।

## ਸੀਨੀਅਰ ਸਿਟੀਜਨ ਵੈਲਫੇਅਰ ਐਸੋਸੀਏਸ਼ਨ ਨੇ ਮਨਾਇਆ ਅਧਿਆਪਕ ਦਿਵਸ ਅਤੇ 92 ਸਾਲਾ ਰਿਟਾਇਰਡ ਅਧਿਆਪਕ ਸ੍ਰੀ ਹਰੀ ਓਮ ਜੀ ਨੂੰ ਕੀਤਾ ਸਨਮਾਨਿਤ।



ਫਰੀਦਕੋਟ 20 ਸਤੰਬਰ : ਸੀਨੀਅਰ ਸਿਟੀਜਨ ਵੈਲਫੇਅਰ ਐਸੋਸੀਏਸ਼ਨ ਫਰੀਦਕੋਟ ਨੇ ਅਧਿਆਪਕ ਦਿਵਸ ਮਨਾਉਂਦੇ ਹੋਏ, ਅਤੇ ਮਹੀਨਾ ਸਤੰਬਰ ਦੌਰਾਨ ਜਨਮੇ ਮੈਂਬਰਾਂ ਨੂੰ ਸਨਮਾਨਤ ਕਰਨ ਲਈ , ਸਮਾਰੋਹ ਮਹਾਤਮਾ ਗਾਂਧੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਕੀਤਾ।

ਸਮਾਰੋਹ ਦੀ ਸ਼ੁਰੂਆਤ ਤੇ ਪ੍ਰਧਾਨ ਐਸੋਸੀਏਸ਼ਨ ਪ੍ਰਿੰਸੀਪਲ ਸੇਵਾ ਸਿੰਘ ਚਾਵਲਾ ਨੇ ਸਭ ਮੈਂਬਰਾਂ ਨੂੰ ਜੀ ਆਇਆ ਕਹਿੰਦਿਆਂ ਹੋਇਆ ਐਸੋਸੀਏਸ਼ਨ ਵੱਲੋਂ ਕੀਤੇ ਜਾ ਰਹੇ ਸਮਾਜਸੇਵੀ ਅਤੇ ਸਨਮਾਨਿਤ ਸਮਾਰੋਹਾਂ ਦਾ ਵੇਰਵਾ ਦਿੰਦਿਆਂ ਹੋਇਆਂ, ਐਸੋਸੀਏਸ਼ਨ ਦੀ ਕਾਰਜ ਸ਼ੈਲੀ ਬਾਰੇ ਵੀ ਵਿਸਥਾਰ ਸਹਿਤ ਚਾਨਣਾ ਪਾਇਆ ਅਤੇ ਅਧਿਆਪਕ ਵਜੋਂ ਸਨਮਾਨਿਤ ਹੋਣ ਵਾਲੇ 92 ਸਾਲਾ ਰਿਟਾਇਰਡ ਅਧਿਆਪਕ ਸ੍ਰੀ ਹਰੀ ਓਮ ਜੀ ਨੂੰ ਵਧਾਈਆਂ ਵੀ ਦਿੱਤੀਆਂ।

ਵਿਤ ਸਕੱਤਰ ਪ੍ਰੋਫੈਸਰ ਐਨ. ਕੇ. ਗੁਪਤਾ ਨੇ ਮੰਚ ਸੰਚਾਲਕ ਦੀ ਭੂਮਿਕਾ ਨਿਭਾਉਂਦਿਆਂ ਹੋਇਆਂ ,ਸਨਮਾਨਿਤ ਹੋਣ ਵਾਲੇ ਸੇਵਾ ਮੁਕਤ ਅਧਿਆਪਕ ਸ੍ਰੀ ਹਰੀ ਓਮ ਜੀ ਜੀਵਨੀ ਬਾਰੇ ਅਤੇ ਕੀਤੇ ਕਾਰਜਾਂ ਸਬੰਧੀ ਜਾਣ ਪਹਿਚਾਣ ਕਰਵਾਈ ਅਤੇ ਹਾਰ ਪਹਿਨਾ ਕੇ ਸ਼ਾਨਦਾਰ ਤੋਹਫੇ ਦੇ ਕੇ ਐਸੋਸੀਏਸ਼ਨ ਦੇ ਅਹੁਦੇਦਾਰਾਂ ਤੋਂ ਸਨਮਾਨਿਤ ਕਰਵਾਇਆ ਅਤੇ ਐਸੋਸੀਏਸ਼ਨ ਦੇ ਲੇਖੇ ਜੋਖੇ ਬਾਰੇ ਵੀ ਚਾਨਣਾ ਪਾਇਆ।

ਸਟੇਟ ਅਵਾਰਡੀ ਕੁਲਜੀਤ ਸਿੰਘ ਵਾਲੀਆ ਨੇ ਅਧਿਆਪਕ ਦਿਵਸ ਮਨਾਉਣ ਸਬੰਧੀ ਬਹੁਤ ਹੀ ਵਿਸਥਾਰ ਨਾਲ ਚਾਨਣਾ ਪਾਇਆ।ਐਸੋਸੀਏਸ਼ਨ ਵੱਲੋਂ ਬਣਾਈ ਜਾ ਰਹੀ ਡਾਇਰੈਕਟਰੀ ਬਣਾਉਣ ਦੀ ਵਿਸਥਾਰ ਸਹਿਤ ਜਾਣਕਾਰੀ ਪ੍ਰੋਫੈਸਰ ਨਿਰਮਲ ਕੌਸ਼ਿਕ ਜੀ ਵੱਲੋਂ ਦਿੱਤੀ ਗਈ। ਐਸੋਸੀਏਸ਼ਨ ਪੀ.ਆਰ.ਓ ਦਰਸ਼ਨ ਲਾਲ ਚੁੱਘ ਅਤੇ ਸਰਬ ਸੰਮਤੀ ਨਾਲ ਨਵ ਨਿਯੁਕਤ ਜਨਰਲ ਸਕੱਤਰ ਨੇ

ਸਮਾਰੋਹ ਦੌਰਾਨ ਮਹੀਨਾ ਸਤੰਬਰ ਦੌਰਾਨ ਜਨਮੇ, ਸੰਸਕ੍ਰਿਤ ਦੇ ਮਾਹਰ ਅਤੇ ਬਹੁਤ ਸਾਰੀਆਂ ਕਿਤਾਬਾਂ ਦੇ ਲਿਖਾਰੀ ਸੇਵਾ ਮੁਕਤ ਪ੍ਰੋਫੈਸਰ ਨਿਰਮਲ ਕੌਸ਼ਿਕ ਨੂੰ , ਅਤੇ ਸੇਵਾ ਮੁਕਤ ਮੈਨੇਜਰ ਵਿਵਕੋ ਅਤੇ ਪ੍ਰਧਾਨ ਬ੍ਰਾਹਮਣ ਸਭਾ ਸੁਖਦੇਵ ਸਿੰਘ ਸ਼ਰਮਾ ਵੱਲੋਂ ਐਸੋਸੀਏਸ਼ਨ ਨੂੰ ਦਿੱਤੇ ਜਾ ਰਹੇ ਵਡਮੁੱਲੇ ਸਹਿਯੋਗ ਸਦਕਾ ਤੋਹਫੇ ਦੇ ਕੇ ਐਸੋਸੀਏਸ਼ਨ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਹਾਰ ਪਹਿਨਾ ਕੇ ਸਨਮਾਨਿਤ ਕਰਵਾਇਆ ।

ਇਸ ਸਮਾਰੋਹ ਨੂੰ ਸਫਲ ਕਰਨ ਲਈ ਗਰੀਸ਼ ਕੁਮਾਰ ਸੁਖੀਜਾ, ਇੰਜ ਜੀਤ ਸਿੰਘ, ਸੁਖਮੰਦਰ ਸਿੰਘ ਭਲੂਰੀਆ ਅਤੇ ਸ਼ਾਮ ਸੁੰਦਰ ਰਿਹਾਨ ਨੇ ਵਿਸ਼ੇਸ਼ ਯੋਗਦਾਨ ਪਾਇਆ। ਇਸ ਸਮਾਰੋਹ ਦੌਰਾਨ ਐਸੋਸੀਏਸ਼ਨ ਦੇ ਜਨਰਲ ਸਕੱਤਰ ਡਾਕਟਰ ਆਰ. ਕੇ. ਅਨੰਦ ਜੀ ਦੀ ਮੌਤ ਹੋਣ ਤੇ ਕਾਫੀ ਸਮੇਂ ਤੋਂ ਖਾਲੀ ਪਈ ਅਸਾਮੀ ਲਈ ਦਰਸ਼ਨ ਲਾਲ ਚੁੱਘ ਨੂੰ ਸਰਬ ਸੰਮਤੀ ਨਾਲ ਜਨਰਲ ਸਕੱਤਰ ਦੀ ਜਿੰਮੇਵਾਰੀ ਸੌਂਪੀ ਗਈ। ਸਮਾਰੋਹ ਦੀ ਰੌਣਕ ਵਧਾਉਣ ਲਈ ਪ੍ਰਿੰਸੀਪਲ ਓਮ ਪ੍ਰਕਾਸ਼ ਛਾਬੜਾ ਮੀਤ ਪ੍ਰਧਾਨ, ਇੰਦਰਜੀਤ ਸਿੰਘ ਖੀਵਾ ਮੀਤ ਪ੍ਰਧਾਨ, ਪ੍ਰਿੰਸੀਪਲ ਸੁਖਦੇਵ ਸਿੰਘ ਦੋਸਾਂਝ ,, ਕਰਨਲ ਬਲਬੀਰ ਸਿੰਘ ਸਰਾਂ ,ਗੰਗਾ ਪ੍ਰਸਾਦ ਛਾਬੜਾ, ਬਿਸ਼ਨ ਦਾਸ ਅਰੋੜਾ, ਪ੍ਰਿੰਸੀਪਲ ਅੰਮ੍ਰਿਤ ਪਾਲ ਸਿੰਘ, ਤੇਜਿੰਦਰ ਸਿੰਘ ਸੇਠੀ, ਧਰਮਵੀਰ ਸਿੰਘ ਡੀ ਈ ਓ, ਸਤਪਾਲ ਬਾਂਸਲ, , ਪ੍ਰਿੰਸੀਪਲ ਵਿਨੋਦ ਕੁਮਾਰ ਸਿੰਗਲਾ, ਪ੍ਰੋਫੈਸਰ ਨਿਰਮਲ ਕੌਸ਼ਿਕ, ਪ੍ਰੋਫੈਸਰ ਜਤਿੰਦਰ ਸਿੰਘ ਸੰਧੂ, ਪ੍ਰਿੰਸੀਪਲ ਕ੍ਰਿਸ਼ਨ ਲਾਲ ਬਕੌਲੀਆ, ਰਮੇਸ਼ ਕੁਮਾਰ ਗੇਰਾ, ਜਸਵੰਤ ਸਿੰਘ ਕੁਲ, ਪ੍ਰਿੰਸੀਪਲ ਜੋਗਿੰਦਰ ਸਿੰਘ ਸਿੱਧੂ, ਪ੍ਰੋਫੈਸਰ ਐਸ. ਐਸ. ਬਾਜਵਾ,ਮੁਖਤਿਆਰ ਸਿੰਘ ਵੰਗੜ, ਇੰਜੀ ਦਰਸ਼ਨ ਸਿੰਘ ਰੁਮਾਣਾ, ਅਸ਼ੋਕ ਕੁਮਾਰ ਜੈਨ, ਕੇਪੀ ਸਿੰਘ ਸਰਾਂ ਤੋਂ ਇਲਾਵਾ ਹੋਰ ਵੀ ਮੈਂਬਰ ਹਾਜ਼ਰ ਸਨ।

## ਪੰਜ ਸਾਲਾ ਬੱਚੇ ਹਰਵੀਰ ਦੀ ਇੱਕ ਪ੍ਰਵਾਸੀ ਦਰਿੰਦੇ ਵੱਲੋਂ ਕੀਤੇ ਵਹਿਸ਼ੀ ਕਤਲ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ-ਮਾਸਟਰ ਪਰਮਵੇਦ

### ਕਿਸੇ ਇੱਕ ਅਪਰਾਧੀ ਦੀ ਸਜ਼ਾ ਸਮੁੱਚੇ ਭਾਈਚਾਰੇ ਨੂੰ ਦੇਣੀ ਵੀ ਗ਼ਲਤ : ਤਰਕਸ਼ੀਲ ਸੁਸਾਇਟੀ

### ਪੰਜਾਬ ਦੇ ਲੋਕਾਂ ਨੂੰ ਭਰਾ ਮਾਰੂ ਜੰਗ ਤੋਂ ਬਚਣ ਅਤੇ ਭਾਈਚਾਰਕ ਏਕਤਾ ਦੀ ਕੀਤੀ ਅਪੀਲ



ਸੰਗਰੂਰ 20 ਸਤੰਬਰ : ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਸੰਗਰੂਰ ਨੇ ਹੁਸ਼ਿਆਰਪੁਰ ਜ਼ਿਲ੍ਹੇ ਅੰਦਰ ਇਕ ਦਰਿੰਦੇ ਪ੍ਰਵਾਸੀ ਵੱਲੋਂ ਪੰਜ ਸਾਲ ਦੇ ਬੱਚੇ ਦੇ ਵਹਿਸ਼ੀ ਕਤਲ ਦੀ ਸਖ਼ਤ ਨਿੰਦਾ ਕਰਦਿਆਂ ਉਸ ਨੂੰ ਫਾਸਟ ਟਰੈਕ ਅਦਾਲਤ ਰਾਹੀਂ ਸਖ਼ਤ ਤੋਂ ਸਖ਼ਤ ਸਜ਼ਾ ਦੇਣ ਦੀ ਮੰਗ ਕੀਤੀ ਹੈ । ਉਨ੍ਹਾਂ ਪੰਜਾਬ ਦੇ ਕੁੱਝ ਜ਼ਿਲਿਆਂ ਵਿੱਚ ਕੁੱਝ ਸਮੂਹਾਂ ਅਤੇ ਪੰਚਾਇਤਾਂ ਵੱਲੋਂ ਪਾਸ ਕੀਤੇ ਗੈਰ ਜਮਹੂਰੀ ਮਤਿਆਂ ਰਾਹੀਂ ਪ੍ਰਵਾਸੀ ਲੋਕਾਂ ਵਿਰੁੱਧ ਫਿਰਕੂ ਨਫ਼ਰਤ ਫੈਲਾਉਣ ਅਤੇ ਪੰਜਾਬ ਛੱਡ ਕੇ ਜਾਣ ਦੀਆਂ ਧਮਕੀਆਂ ਦੀ ਸਖ਼ਤ ਸ਼ਬਦਾਂ ਵਿੱਚ ਆਲੋਚਨਾ ਵੀ ਕੀਤੀ ਹੈ।

ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਸੰਗਰੂਰ ਦੇ ਆਗੂਆਂ ਮਾਸਟਰ ਪਰਮ ਵੇਦ, ਸੁਰਿੰਦਰ ਪਾਲ, ਸੀਤਾ ਰਾਮ, ਕ੍ਰਿਸ਼ਨ ਸਿੰਘ, ਗੁਰਦੀਪ ਸਿੰਘ ਲਹਿਰਾ, ਪ੍ਰਗਟ ਸਿੰਘ ਬਾਲੀਆਂ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਕਿਸੇ ਦਰਿੰਦੇ ਪ੍ਰਵਾਸੀ ਵੱਲੋਂ ਹੁਸ਼ਿਆਰਪੁਰ ਵਿਖੇ ਪੰਜ ਸਾਲਾਂ ਦੇ ਬੱਚੇ ਦੀ ਬੇਰਹਿਮੀ ਨਾਲ ਕੀਤੀ ਹੱਤਿਆ ਦੀ ਦੁੱਖਦਾਈ ਘਟਨਾ ਨੇ ਹਰ ਸੰਵੇਦਨਸ਼ੀਲ ਵਿਅਕਤੀ ਦੇ ਮਨ ਨੂੰ ਵਲੂੰਧਰਿਆ ਹੈ । ਉਨ੍ਹਾਂ ਕਿਹਾ ਕੁਝ ਪੰਚਾਇਤਾਂ ਅਤੇ ਗਰੁੱਪਾਂ ਵੱਲੋਂ ਕਿਸੇ ਇਕ ਵਿਅਕਤੀ ਵੱਲੋਂ ਕੀਤੇ ਅਪਰਾਧ ਲਈ ਸਮੁੱਚੇ ਪ੍ਰਵਾਸੀ ਭਾਈਚਾਰੇ ਨੂੰ ਹੀ ਜ਼ਿੰਮੇਵਾਰ ਠਹਿਰਾਉਣ ਦੀ ਕਾਰਵਾਈ ਪੰਜਾਬ ਵਿਚਲੀ ਭਾਈਚਾਰਕ ਏਕਤਾ ,ਸਾਂਝ ਅਤੇ ਅਮਨ ਸ਼ਾਂਤੀ ਲਈ ਸਰਾਸਰ ਖ਼ਤਰਨਾਕ, ਗੈਰ ਜਮਹੂਰੀ ਅਤੇ ਲੋਕ ਵਿਰੋਧੀ ਹੈ।

ਉਨ੍ਹਾਂ ਅਜਿਹੀ ਭਰਾ ਮਾਰੂ ਜੰਗ ਦਾ ਵਿਰੋਧ ਕਰਦਿਆਂ ਕਿਹਾ ਕਿ ਕੁਝ ਫ਼ਿਰਕੂ ਸੰਗਠਨ ਅਜਿਹੀ ਫਿਰਕੂ ਨਫ਼ਰਤ ਅਤੇ ਵੰਡ ਦੀ ਰਾਜਨੀਤੀ ਨੂੰ ਉਭਾਰ ਕੇ ਜਿੱਥੇ ਪੰਜਾਬ ਵਿੱਚ ਪਰਵਾਸੀਆਂ ਅਤੇ ਬਿਹਾਰ ਚੋਣਾਂ ਵਿੱਚ ਆਪਣਾ ਵੋਟ ਬੈਂਕ ਮਜ਼ਬੂਤ ਕਰਨਾ ਚਾਹੁੰਦੇ ਹਨ ਉਥੇ ਹੀ ਪੰਜਾਬ ਤੋਂ ਬਾਹਰਲੇ ਸੂਬਿਆਂ ਦੇ ਪੰਜਾਬੀਆਂ ਅਤੇ ਸਿੱਖਾਂ ਵਿਰੁੱਧ ਫਿਰਕੂ ਦੰਗੇ ਫਸਾਦਾਂ ਦਾ ਮਾਹੌਲ ਸਿਰਜ ਕੇ ਉਨ੍ਹਾਂ ਨੂੰ ਉਜਾੜਨ ਤੇ ਬਰਬਾਦ ਕਰਨ ਦੀ ਸਾਜ਼ਿਸ਼ ਵੀ ਕਰ ਰਹੇ ਹਨ ਜਿਸਦੇ ਵਿਰੁੱਧ ਲੋਕ ਪੱਖੀ ਅਤੇ ਅਗਾਂਹਵਧੂ ਜਨਤਕ ਜਮਹੂਰੀ ਜੱਥੇਬੰਦੀਆਂ ਨੂੰ ਇਕਜੁੱਟ ਹੋ ਕੇ ਕਿਰਤੀਆਂ ਕਾਮਿਆਂ ਦੀ ਭਾਈਚਾਰਕ ਸਾਂਝ ਨੂੰ ਤੋੜਨ ਦੀਆਂ ਫਿਰਕੂ ਸਾਜਿਸ਼ਾਂ ਦਾ ਮੁਕਾਬਲਾ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰਾਂ ਵੀ ਲੋਕਾਂ ਦਾ ਧਿਆਨ ਹੜ੍ਹਾਂ ਰਾਹੀਂ ਹੋਈ ਬਰਬਾਦੀ, ਮੁੜ ਵਸੇਬੇ, ਮੁਆਵਜ਼ੇ,ਗਰੀਬੀ, ਬੇਰੁਜ਼ਗਾਰੀ,ਮਹਿੰਗਾਈ,ਕਾਰਪੋਰੇਟ ਲੁੱਟ, ਭ੍ਰਿਸ਼ਟਾਚਾਰ ਅਤੇ ਅਮਨ ਕਾਨੂੰਨ ਦੀ ਮਾੜੀ ਹਾਲਤ ਦੇ ਅਸਲ ਮੁੱਦਿਆਂ ਤੋਂ ਪਾਸੇ ਹਟਾਉਣ ਲਈ ਅਜਿਹੇ ਫਿਰਕੂ ਮੁੱਦਿਆਂ ਉਤੇ ਸਾਜਿਸ਼ੀ ਚੁੱਪ ਧਾਰੀ ਬੈਠੀਆਂ ਹਨ।

ਤਰਕਸ਼ੀਲ ਆਗੂਆਂ ਨੇ ਪੰਜਾਬ ਵਿੱਚ ਗੈਰ ਕਾਨੂੰਨੀ ਢੰਗ ਨਾਲ ਰਹਿ ਰਹੇ ਪਰਵਾਸੀਆਂ ਦੇ ਪਿਛੋਕੜ ਦੀ ਤਹਿਕੀਕਾਤ ਕਰਨ ਦੀ ਮੰਗ ਕਰਦਿਆਂ ਪਰਵਾਸੀਆਂ ਦੇ ਵਿਰੁੱਧ ਮਤੇ ਪਾਸ ਕਰਨ ਵਾਲੀਆਂ ਪੰਚਾਇਤਾਂ ਨੂੰ ਭਾਈਚਾਰਕ ਸਾਂਝ,ਦੂਰ ਅੰਦੇਸ਼ੀ ਅਤੇ ਸਹਿਣਸ਼ੀਲਤਾ ਰੱਖਣ ਅਤੇ ਦੋਸ਼ੀਆਂ ਨੂੰ ਫਾਸਟ ਟਰੈਕ ਅਦਾਲਤਾਂ ਰਾਹੀਂ ਸਖ਼ਤ ਸਜ਼ਾਵਾਂ ਦਿਵਾਉਣ ਲਈ ਸਾਂਝੇ ਮੰਚ ਤੋਂ ਉਪਰਾਲੇ ਕਰਨ ਦੀ ਅਪੀਲ ਕੀਤੀ।

## ਸ. ਜਸਵਿੰਦਰ ਸਿੰਘ ਢਿੱਲੋਂ ਮੈਮੋਰੀਅਲ ਵੈਲਫ਼ੇਅਰ ਸੁਸਾਇਟੀ ਪੰਜਾਬ ਵੱਲੋਂ ਖ਼ੂਨਦਾਨ ਕੈਂਪ 21,22 ਤੇ 23 ਸਤੰਬਰ ਨੂੰ ਲਗਾਏ ਜਾ ਰਹੇ।



ਫ਼ਰੀਦਕੋਟ 20 ਸਤੰਬਰ : ਸ. ਜਸਵਿੰਦਰ ਸਿੰਘ ਢਿੱਲੋਂ ਮੈਮੋਰੀਅਲ ਵੈਲਫ਼ੇਅਰ ਸੁਸਾਇਟੀ (ਰਜਿ.) ਫ਼ਰੀਦਕੋਟ ਪੰਜਾਬ ਵੱਲੋਂ ਬਾਬਾ ਫਰੀਦ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ 'ਸਾਂਝ ਬਲੱਡ ਸੁਸਾਇਟੀ' ਅਤੇ 'ਭਾਈ ਘੱਨਈਆ ਜੀ ਕਲੱਬ' ਦੇ ਸਹਿਯੋਗ ਨਾਲ ਖ਼ੂਨਦਾਨ ਕੈਂਪ ਮਿਤੀ 21,22 ਤੇ 23 ਸਤੰਬਰ ਨੂੰ ਸ਼ੇਖ ਫਰੀਦ ਵੋਕੇਸ਼ਨਲ ਸੈਂਟਰ ਨੇੜੇ ਹੰਸ ਬੁੱਕ ਡੀਪੂ, ਕਾਲਜ ਰੋਡ ਫਰੀਦਕੋਟ ਵਿੱਖੇ ਲਗਾਏ ਜਾਣਗੇ . ਸੁਸਾਇਟੀ ਪ੍ਰਧਾਨ ਗੁਰਜੀਤ ਸਿੰਘ ਹੈਰੀ ਢਿੱਲੋਂ ਨੇ ਦੱਸਿਆ ਕਿ ਏਹ ਬਲੱਡ ਡੋਨੇਸ਼ਨ ਕੈਂਪ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਫ਼ਰੀਦਕੋਟ ਦੇ ਬਲੱਡ ਬੈਂਕ ਵਿਭਾਗ , ਸਿਵਿਲ ਹਸਪਤਾਲ ਫਰੀਦਕੋਟ, ਟੀਮ ਸਿਵਿਲ ਹਸਪਤਾਲ ਕੋਟਕਪੂਰਾ ਆਦਿ ਦੇ ਨਾਲ ਲਗਾਏ ਜਾ ਰਹੇ ਹਨ। ਆਲ ਇੰਡੀਆ ਕਿਸਾਨ ਯੂਨੀਅਨ ਏਕਤਾ ਫ਼ਤਿਹ ਦੇ ਸੂਬਾ ਪ੍ਰਧਾਨ ਸ਼ਰਨਜੀਤ ਸਿੰਘ ਸਰਾਂ ਨੇ ਦੱਸਿਆ ਕਿ ਅਸੀਂ ਇਹ ਫ਼ੈਸਲਾ ਵੀ ਕੀਤਾ ਹੈ ਕਿ ਇਸ ਕੈਂਪ ਵਿੱਚ ਹਰੇਕ ਖ਼ੂਨਦਾਨੀ ਨੂੰ ਸਰਟੀਫ਼ਿਕੇਟ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਵੀ ਕੀਤਾ ਜਾਵੇਗਾ। ਮੈਂਬਰ ਗੁਰਬਿੰਦਰ ਸਿੰਘ ਤੇ ਕੇ.ਪੀ. ਸਿੰਘ ਸਰਾਂ ਨੇ ਦੱਸਿਆ ਕੇ 22 ਸਤੰਬਰ ਨੂੰ ਬਲੱਡ ਕੈਂਪਾ ਦੇ ਨਾਲ-ਨਾਲ ਨਹਿਰੂ ਸਟੇਡੀਅਮ ਫਰੀਦਕੋਟ ਵਿੱਖੇ ਕਬੱਡੀ ਮੈਚਾਂ ਤੇ ਫ਼ਰੀ ਮੈਡੀਕਲ ਚੈਕਅੱਪ ਕੈਂਪ ਤੇ ਦਵਾਈਆਂ ਦਾ ਲੰਗਰ ਸਮਾਜਿਕ ਚੇਤਨਾ ਚੈਰੀਟੇਬਲ ਸੁਸਾਇਟੀ (ਰਜਿ) ਕੋਟਕ ਕਰੋੜ ਕਲਾ , ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਘੱਲ ਖੁਰਦ ਵੱਲੋਂ ਸ. ਜਸਵਿੰਦਰ ਸਿੰਘ ਢਿੱਲੋਂ ਮੈਮੋਰੀਅਲ ਵੈਲਫ਼ੇਅਰ ਸੁਸਾਇਟੀ (ਰਜਿ) ਪੰਜਾਬ ਦੇ ਵਿਸ਼ੇਸ਼ ਸਹਿਯੋਗ ਨਾਲ ਲਗਾਇਆ ਜਾਣਾ ਹੈ / ਸੁਸਾਇਟੀ ਦੇ ਵਾਇਸ ਪ੍ਰਧਾਨ ਬੀਰਇੰਦਰ ਸਰਾਂ ਨੇ ਸਭ ਨੂੰ ਅਪੀਲ ਕੀਤੀ ਕੇ ਵੱਧ ਤੋਂ ਵੱਧ ਸੰਗਤ ਏਹਨਾ ਕੈਂਪਾ ਵਿੱਚ ਪਹੁੰਚੋ ਅਤੇ 21,22 ਸਤੰਬਰ 2025 ਨੂੰ ਵਿਸ਼ੇਸ਼ ਤੌਰ ਤੇ ਸਾਰੇ ਪੱਤਰਕਾਰ ਵੀਰਾਂ ਦਾ ਅਤੇ ਸਮਾਜ ਪ੍ਰਤੀ ਚੰਗੀਆਂ ਸੇਵਾਵਾਂ ਦੇ ਰਹੇ ਸੱਜਣਾਂ ਦਾ ਸਨਮਾਨ ਕੀਤਾ ਜਾਵੇਗਾ / ਕੈਂਪ ਸਬੰਧੀ ਕਿਸੇ ਵੀ ਹੋਰ ਜਾਣਕਾਰੀ ਲਈ ਸੰਪਰਕ ਕਰੋ 9878652453

## ਅਰੋੜਾ ਮਹਾਂ ਸਭਾ ਅਤੇ ਮਹਲਾ ਪਤੰਜਲੀ ਯੋਗ ਸਮਿਤੀ ਨੇ ਮਨਾਈ ਕ੍ਰਾਂਤੀਕਾਰੀ ਮਦਨ ਲਾਲ ਢੀਗਰਾ ਦੀ ਜੈਅੰਤੀ ।




ਫਰੀਦਕੋਟ 20 ਸਤੰਬਰ : ਕ੍ਰਾਂਤੀਕਾਰੀ ਮਦਨ ਲਾਲ ਢੀਗਰਾ ਦੀ ਜੈਯੰਤੀ ਮਨਾਉਣ ਲਈ ਅਰੋੜਾ ਮਹਾ ਸਭਾ ਦੇ ਪ੍ਰਧਾਨ ਰਮੇਸ਼ ਕੁਮਾਰ ਗੇਰਾ ਅਤੇ ਮਹਿਲਾ ਪਤੰਜਲੀ ਯੋਗ ਸਮਿਤੀ ਦੇ ਪ੍ਰਧਾਨ ਸ੍ਰੀਮਤੀ ਗੀਤਾ ਗੇਰਾ ਦੀ ਰਹਿਨਮਾਈ ਹੇਠ ਇੱਕ ਸਮਾਗਮ ਸ੍ਰੀ ਗੇਲਾ ਰਾਮ ਗੇਰਾ ਮੈਮੋਰੀਅਲ ਚੈਰੀਟੇਬਲ ਟਰਸਟ ਵਿਖੇ ਕੀਤਾ ਗਿਆ।

ਇਸ ਸਮਾਗਮ ਦੀ ਸ਼ੁਰੂਆਤ ਤੇ ਸਭ ਮੈਂਬਰਾਂ ਨੇ ਸ਼੍ਰੀ ਮਦਨ ਲਾਲ ਢੀਗਰਾ ਜੀ ਦੀ ਫੋਟੋ ਨੂੰ ਨਤਮਸਤਕ ਹੁੰਦਿਆਂ ਹੋਇਆਂ ਅਮਰ ਰਹੇ ਅਮਰ ਰਹੇ ਦੇ ਜੈਕਾਰੇ ਵੀ ਲਾਏ।

ਅਰੋੜਾ ਮਹਾਂ ਸਭਾ ਦੇ ਸਕੱਤਰ ਦਰਸ਼ਨ ਲਾਲ ਚੁੱਘ ਨੇ ਦੱਸਿਆ ਕਿ ਕ੍ਰਾਂਤੀਕਾਰੀ ਮਦਨ ਲਾਲ ਢੀਗਰਾ ਜੀ ਪੰਜਾਬ ਦੇ ਸ਼ਹਿਰ ਅੰਮ੍ਰਿਤਸਰ ਦੇ ਜੰਮਪਲ ਸਨ ਉਹ ਬਹੁਤ ਹੀ ਵਧੀਆ ਪਰਿਵਾਰ ਦੇ ਵਿੱਚੋਂ ਉਹਨਾਂ ਦੇ ਪਿਤਾ ਨੂੰ ਅੰਗਰੇਜ਼ ਸਰਕਾਰ ਨੇ ਰਾਏ ਸਾਹਿਬ ਦੀ ਉਪਾਧੀ ਨਾਲ ਨਿਵਾਜਿਆ ਹੋਇਆ ਸੀ, ਪਰ ਉਹਨਾਂ ਨੇ ਸਾਰੇ ਐਸ਼ੋ ਰਾਮ ਛੱਡਦੇ ਹੋਏ ਕ੍ਰਾਂਤੀ ਦੇ ਰਾਹ ਨੂੰ ਚੁਣਿਆ, ਜਿਸ ਕਰਕੇ ਉਹਨਾਂ ਨੂੰ ਘਰੋਂ ਬੇ ਦਖਲ ਵੀ ਕਰ ਦਿੱਤਾ ਗਿਆ ਸੀ ।ਉਹਨਾਂ ਨੇ ਅੰਗਰੇਜ਼ਾਂ ਦੀ ਸਰਕਾਰ ਦੇ ਜ਼ੁਲਮ ਦੇ ਵਿਰੁੱਧ ਆਵਾਜ਼ ਉਠਾਈ ਅਤੇ ਸਰ ਕਰਜਨ ਨੂੰ ਪੰਜ ਗੋਲੀਆਂ ਮਾਰ ਕੇ ਕਤਲ ਕੀਤਾ ਸੀ ਜਿਸ ਸਦਕਾ ਉਹਨਾਂ ਨੂੰ ਫਾਂਸੀ ਦਾ ਹੁਕਮ ਹੋਇਆ ਉਹਨਾਂ ਨੇ 26 ਸਾਲ ਦੀ ਉਮਰ ਵਿੱਚ ਬੜੇ ਫਖਰ ਨਾਲ ਫਾਂਸੀ ਦੇ ਰੱਸੇ ਨੂੰ ਚੁੰਮਿਆ।

ਪ੍ਰਧਾਨ ਰਮੇਸ਼ ਗੇਰਾ ਨੇ ਅਤੇ ਗੀਤਾ ਗੇਰਾਂ ਨੇ ਸਭ ਆਏ ਹੋਏ ਮੈਂਬਰਾਂ ਨੂੰ ਜੀ ਆਇਆ ਕਹਿੰਦੇ ਹੋਇਆ ਧੰਨਵਾਦ ਵੀ ਕੀਤਾ ਅਤੇ ਕਿਹਾ ਕਿ ਸਾਨੂੰ ਹਮੇਸ਼ਾ ਸ਼ਹੀਦਾਂ ਨੂੰ ਯਾਦ ਕਰਕੇ ਉਹਨਾਂ ਦੀ ਬਰਸੀ ਅਤੇ ਜਨਮ ਦਿਨ ਇਸੇ ਤਰ੍ਹਾਂ ਮਨਾਉਣੇ ਚਾਹੀਦੇ ਹਨ।

ਇਸ ਮੌਕੇ ਤੇ ਪ੍ਰਿੰਸੀਪਲ ਸੇਵਾ ਸਿੰਘ ਚਾਵਲਾ ਸਰਪਰਸਤ,ਰਾਜੇਸ਼ ਸੁਖੀਜਾ ਬਲਦੇਵ ਰਾਜ, ਰਕੇਸ਼ ਕਟਾਰੀਆ ਹਣੀ ਗੇਰਾ ,ਦਿਨੇਸ਼ ਮੁਖਿਜਾ ,ਮਾਸਟਰ ਸਾਹਿਲ ਕੁਮਾਰ, ਕੇਵਲ ਕ੍ਰਿਸ਼ਨ ਕਟਾਰੀਆ ਤੋਂ ਇਲਾਵਾ ਮਹਿਲਾ ਯੋਗ ਸਮਿਤੀ ਦੇ ਸਰੋਜ ਗੁਪਤਾ ,ਗੁਡ ਮਨ ਚੰਦਾ, ਚੰਚਲ ਖੰਨਾ, ਮਧੂ ਗਰਗ ,ਮਮਤਾ ਅਰੋੜਾ ,ਕਮਲ ਚੋਪੜਾ, ਜੋਤੀ ਗੇਰਾ, ਸ਼ਿਵਾਨੀ ਗੇਰਾ, ਊਸ਼ਾ ਚਾਵਲਾ, ਮੰਜੂ ਸਖੀਜਾ ,ਕੁਸਮ ਗਖੜ ,ਰੋਜੀ ਕਕੜ, ਰੀਤੂ ਗੇਰਾ ਅਤੇ ਰਾਜ ਗੇਰਾ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਮਹਿਲਾਵਾਂ ਹਾਜ਼ਰ ਸਨ।

## ਗ਼ਜ਼ਲ

ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸਿੰਘ ਮਾਨ

ਕਿਸੇ ਨੇ ਸਾਥ ਸਾਡਾ ਨਾ ਨਿਭਾਇਆ ਮੁਸ਼ਕਿਲਾਂ ਅੰਦਰ,
ਜ਼ਿਕਰ ਫਿਰ ਛੇੜੀਏ ਕਿਸ ਦਾ ਅਸੀਂ ਹੁਣ
ਮਹਿਫਲਾਂ ਅੰਦਰ।
ਬਿਨਾਂ ਸੋਚੇ ਇਨ੍ਹਾਂ ਨੂੰ ਜਾਵੇ ਖਾਈ ਹਰ ਕੋਈ ਅੱਜ ਕੱਲ੍ਹ,
ਕੋਈ ਕੀ ਜਾਣੇ ਮਿਲਿਆ ਹੋਇਐ ਕੀ ਗੋਲੀਆਂ ਅੰਦਰ।
ਪਤਾ ਹੈ ਸਿਰਫ ਕਾਮੇ ਨੂੰ ਹੀ ਕਿੰਨੀ ਧੁੱਪ ਹੈ ਬਾਹਰ,
ਉਨ੍ਹਾਂ ਨੂੰ ਕੀ ਪਤਾ ਜੋ ਬੈਠੇ ਨੇ ਆਪਣੇ ਘਰਾਂ ਅੰਦਰ।
ਅਜਾਈਂ ਪਾਣੀ ਸੁੱਟਣ ਵਾਲੇ ਨਾ ਮੁੱਲ ਜਾਣਦੇ ਇਸ ਦਾ,
ਇਦ੍ਹਾ ਮੁੱਲ ਜਾਣਦੇ ਜੋ ਰਹਿੰਦੇ ਨੇ ਮਾਰੂਥਲਾਂ ਅੰਦਰ।
ਤੁਹਾਡੇ ਕੋਲੋਂ ਜੇ ਗਲਤੀ ਹੋਈ ਹੈ ਤਾਂ ਕਰਿਉ ਮੁੜ ਨਾ,
ਕਿਤੇ ਮਰ ਹੀ ਨਾ ਜਾਇਉ ਦੋਸਤੋ, ਪਛਤਾਵਿਆਂ ਅੰਦਰ।
ਮਨੁੱਖਾਂ ਤੋਂ ਉਹ ਅੱਗੇ ਲੰਘ ਗਈਆਂ ਨੇ ਹਰਿਕ
ਪਾਸੇ,
ਬਲੇ ਨੇ ਦੀਵੇ ਹਿੰਮਤ ਦੇ ਜਦੋਂ ਤੋਂ ਔਰਤਾਂ ਅੰਦਰ।
ਉਨ੍ਹਾਂ ਤੇ ਰਹਿਮਤਾਂ ਦਾ ਮੀਂਹ ਵਰਸੇ ਕਿਸ ਤਰ੍ਹਾਂ
'ਮਾਨਾ',
ਖ਼ੁਦਾ ਦੇ ਵਾਸਤੇ ਥਾਂ ਨ੍ਹੀ ਜਿਨ੍ਹਾਂ ਦੇ ਹਿਰਦਿਆਂ ਅੰਦਰ।

## 'ਭਈਏ ਭਜਾਉ, .....' ਮੋਰਚਾ ਤੇ ਮਰੀਆਂ ਜਮੀਰਾਂ ਵਾਲ਼ੇ ?


ਵਰਲਡ ਪੰਜਾਬੀ ਟਾਈਮਜ਼
ਰੋਮੀ ਘੜਾਮੇਂ ਵਾਲ਼ਾ




ਬੁਲਾਰਾ ਸਿੰਘ ਜੀ ਨੇ ਭਈਆਂ ਨੂੰ ਦਿੱਤੇ ਮਕਾਨਾਂ ਦਾ ਕਿਰਾਇਆ ਫੜ੍ਹਿਆ...., ਟੈਂਕੀ ਫੁੱਲ ਕਰਵਾਈ...., ਕੰਮ 'ਤੇ ਪਹੁੰਚ ਕੇ ਨੌਕਰ ਭਈਆਂ ਨੂੰ ਕੰਮ ਸਮਝਾਏ..., ਸ਼ਾਮੀ ਲੇਟ ਆਉਣ ਦਾ ਦੱਸ ਕੇ ਓਵਰ ਟਾਈਮ ਦਾ ਵਾਅਦਾ ਤੇ ਲਾਲਚ ਦਿੱਤੇ..., ਫਿਰ ਮਾਰ ਕੇ ਗੇਅਰ ਸਿੱਧਾ ਜਾ ਪਹੁੰਚੇ 'ਭਈਏ ਭਜਾਉ, .....' ਮੋਰਚੇ ਵਿੱਚ।
ਪਹੁੰਚਣਸਾਰ ਸਟੇਜ-ਸੈਕਟਰੀ ਨੂੰ ਕਿਰਾਏ ਵਾਲ਼ੀ ਰਕਮ ਵਿੱਚੋਂ ਪੰਜ ਸੌ ਰੁਪਏ ਦਾ ਕੜਕਵਾਂ ਨੋਟ ਇਨਾਮ ਵਜੋਂ ਫੜਾਉਂਦਿਆਂ ਤਾਕੀਦ ਕੀਤੀ ਕਿ "ਵਾਪਸੀ ਦੀ ਕਾਹਲ਼ ਕੋਈ ਨ੍ਹੀ ਆਪਾਂ ਨੂੰ.... , ਮੈਨੂੰ ਬੋਲਣ ਸਮਾਂ ਐਨ੍ਹ ਵਿਚਾਲ਼ੇ ਜਿਹੇ ਦੇਣਾ ...., ਜਦੋਂ ਲਾਈਵ ਟੈਲੀਕਾਸਟ ਪੂਰਾ ਸਿਖਰ 'ਤੇ ਪਹੁੰਚ ਗਿਆ ...., ਪੂਰੀ ਤਿਆਰੀ ਕਰਕੇ ਆਇਆਂ ਅੱਜ ......, ਵੇਖਿਉ ਪੁਰਾਣੇ ਖੱਦਰ ਵਾਂਗੂੰ 'ਧੇੜ ਕੇ ਰੱਖ ਦੇਣੇ ਅੱਜ ਮਰੀਆਂ ਜ਼ਮੀਰਾਂ ਵਾਲ਼ੇ ..., ਜਿਹੜੇ ਅੱਜ ਵੀ ਇਸ ਅਹਿਮ ਮੋਰਚੇ ਵਿੱਚ ਨਾ ਪਹੁੰਚ ਕੇ ਆਪੋ-ਆਪਣੇ ਕੰਮ ਖੋਲ੍ਹ ਕੇ ਬੈਠੇ ਨੇ।"

## ਨੀਮ ਪਹਾੜੀਆਂ ਅਤੇ ਸੁੰਦਰ ਝੀਲਾਂ ਦਾ ਖ਼ੂਬਸੂਰਤ ਸ਼ਹਿਰ-ਜੈਸਪਰ (ਕਨਾਡਾ)

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ



ਜੈਸ਼ਪਰ ਸ਼ਹਿਰ ਕਨਾਡਾ (ਅਲਬਰਟਾ ਰਾਜ) ਦਾ ਖ਼ੂਬਸੂਰਤ ਸ਼ਹਿਰ ਹੈ। ਇਹ ਸ਼ਹਿਰ ਨੀਮ ਪਹਾੜੀਆਂ ਅਤੇ ਸੁੰਦਰ ਝੀਲਾਂ ਦੇ ਕੁਦਰਤੀ ਮਾਹੌਲ ਵਿਚ ਵੱਸਿਆ ਹੋਇਆ ਹੈ। ਸ਼ਹਿਰ ਦੇ ਚਾਰੇ ਪਾਸੇ ਖਿਡਾਉਂਣਿਆ ਵਾਂਗੂੰ ਸੁਸ਼ੋਭਿਤ ਵੱਖ-ਵੱਖ ਆਕਾਰ ਦੀਆਂ ਪਹਾੜੀਆਂ ਤਰ੍ਹਾਂ-ਤਰ੍ਹਾਂ ਦੇ ਮੂਰਤ ਬਿੰਬ ਬਣਾਉਂਦੀਆਂ ਹੋਈਆਂ ਸਮੋਹਿਤ ਖਿੱਚ ਰਖਦੀਆਂ ਹਨ। ਇਹ ਸੁੰਦਰ ਸਥਾਨ ਸਥਿਤੀਬੋਧ ਜਗਾਉਂਦਾ ਹੈ। ਆਪਣੀਆਂ ਜੜ੍ਹਾਂ ਦੀ ਪਹਿਚਾਣ ਛੱਡਦਾ ਹੈ। ਇਸ ਦੁਆਰਾ ਆਣੀ ਮਿੱਟੀ 'ਚੋਂ ਰਸ ਦੀਆਂ ਸੰਭਾਵਨਾਵਾਂ ਉਜਾਗਰ ਕਰਦਾ ਹੈ। ਇਸਦੇ ਕੁਦਰਤੀ ਅਤੇ ਖੋਜਮਈ ਲੁਭਾਉਣੇਂ ਦ੍ਰਿਸ਼ ਜੋ ਨਾ ਕੇਵਲ ਅੰਤਰਮਨ ਨੂੰ ਉਧੋਲਿਤ ਕਰਦੇ ਹਨ ਅਲਬੱਤਾ ਮਾਨਸ ਪਟਲ ਊਪਰ ਕੋਈ ਸਾਰਥਕ ਪ੍ਰਸ਼ਨ ਵੀ ਚਿੰਤਨ ਹੇਤੂ ਛੱਡ ਜਾਂਦੇ ਹਨ। ਚਾਰੇ ਪਾਸੇ ਹਰਿਆਲੀ ਦੀ ਕੁੱਖ ਸੰਵੇਦਨ ਨਾਲ ਭਰੀ ਹੁੰਦੀ ਹੈ।
ਇਸ ਇਲਾਕੇ ਦੇ ਰੁੱਖ-ਪੌਦੇ ਅਨੇਕ ਰੰਗਾਂ ਦਾ ਸੁਭਾਅ ਰਖਦੇ ਹਨ। ਸੜਕਾਂ ਦੇ ਕਿਨਾਰੇ ਸਫ਼ੇਦ ਤਨੇ, ਸਫ਼ੇਦ ਟਹਿਣੀਆਂ ਅਤੇ ਹਰੇ ਪਤਿਆਂ ਨਾਲ ਮਾਲਾ-ਮਾਲ ਰੁੱਖ ਇਕ ਜਾਦੂ ਪੈਦਾ ਕਰਦੇ ਹਨ। ਕਈ ਜਾਤੀਆਂ ਦੇ ਰੁੱਖ ਸੁੰਦਰਤਾ ਨਾਲ ਅਧਿਆਤਮਿਕਤਾ ਵਿਚ ਪਿਰੋਏ ਮਿਲਦੇ ਹਨ।
ਸ਼ਹਿਰ ਦੇ ਬਾਹਰ ਇਕ ਨਹੀਂ ਅਨੇਕਾਂ ਹੀ ਦੂਰ ਦੂਰ ਨੇੜੇ ਨੇੜੇ ਸੁੰਦਰ ਝੀਲਾਂ ਸ਼ੀਸ਼ੇ ਰੰਗੇ ਪਾਣੀ ਦੀ ਲਿਬਾਸ ਵਿਚ ਆਕਰਸ਼ਣ ਪੈਦਾ ਕਰਦੀਆਂ ਹਨ। ਇਥੇ ਯਾਤਰੀਆਂ ਦਾ ਤਾਂਤਾ ਲੱਗਾ ਰਹਿੰਦਾ ਹੇ। ਇਕ ਝੀਲ ਦੇ ਨੇੜੇ ਇਕ ਖੁੱਲ੍ਹਾ- ਡੁੱਲ੍ਹਾ ਵਿਹੜਾ ਹੈ ਕੁਦਰਤੀ ਮਾਹੌਲ ਨਾਲ ਮਾਲਾ-ਮਾਲ। ਇੱਥੇ ਕਨੇਡੀਅਨ ਲੋਕ ਵਿਆਹ-ਸ਼ਾਦੀਆਂ ਵੀ ਕਰਨ ਆ ਜਾਂਦੇ ਹਨ। ਇੱਥੋਂ ਦੇ ਲੋਕ ਕੁਦਰਤੀ ਨਜ਼ਾਰਿਆਂ ਨੂੰ ਆਪਣੇ ਸੁਭਾਅ ਦੇ ਅਨੁਕੂਲ ਬਣਾ ਕੇ ਉਤਸਵ ਰਚਨ ਵਿਚ ਮਾਹਿਰ ਹਨ। ਇਕ ਸਾਧਾਰਣ ਸ਼ਾਦੀ ਵਿਚ 20 ਤੋਂ 40 ਦੇ ਕਰੀਬ ਮਹਿਮਾਨ ਅਤੇ ਜਜ਼ਮਾਨ ਹੁੰਦੇ ਹਨ। ਖ਼ਾਣ-ਪੀਣ ਲਈ ਪੈਕਿੰਗ ਸਿਸਟਮ ਹੀ ਹੁੰਦਾ ਹੈ।
ਲੋਕ ਬੱਸਾਂ, ਟੈਕਸੀਆਂ ਜਾਂ ਨਿੱਜੀ ਕਾਰਾਂ ਵਿਚ ਤਿਆਰ ਕੀਤਾ ਭੋਜਨ ਜਾਂ ਕੱਚੀ ਰਸਦ ਤੇ ਹੋਰ ਜ਼ਰੂਰੀ ਸਾਮਾਨ ਨਾਲ ਲੈ ਆਉਂਦੇ ਹਨ। ਕੁਝ-ਕੁਝ ਲਕ ਟਰਾਲਾ ਹਾਊਸ ਨਾਲ ਲੈ ਕੇ ਆਉਂਦੇ ਹਨ। ਇਹ ਟਰਾਲਾ ਇਕ ਵੈਨ ਹੁੰਦੀਆਂ ਹਨ। ਇਹ ਟਰਾਲੇ ਕਿਰਾਏ 'ਤੇ ਮਿਲਦੇ ਹਨ ਅਤੇ ਕਾਰ ਦੇ ਪਿੱਛੇ ਟੋਚਨ ਪਾ ਕੇ ਲੈ ਜਾਂਦੇ ਹਨ। ਇਸਦਾ ਆਪਣਾ ਇਕ ਵੱਖਰਾ ਹੀ ਲੁਤਫ਼-ਨਜ਼ਾਰਾ ਹੁੰਦਾ ਹੈ।
ਇਥੇ ਸਰਦੀਆਂ ਵਿਚ ਬਰਫ਼ ਬਹੁਤ ਪੈਂਦੀ ਹੈ ਪਰ ਗਰਮੀਆਂ ਵਿਚ ਚਾਂਦੀ ਦੀਆਂ ਝਾਂਜਰਾਂ ਵਾਂਗ ਪਿਘਲਦੀ ਬਰਫ਼ ਸੱਮੋਹਨ ਪੈਦਾ ਕਰਦੀ ਹੈ। ਗਰਮੀਆਂ ਵਿਚ ਵੀ ਮੌਸਮ ਠੰਢਾ ਰਹਿੰਦਾ ਹੈ ਨਜ਼ਾਰੇ ਵਾਲਾ ਪਰ ਬਰਫ਼ ਨਈਂ ਪੈਂਦੀ। ਇੱਥੇ ਬਾਰਿਸ਼ ਦਾ ਅਲੋਕਿਕ ਅਤੇ ਲੌਕਿਕ ਨਜ਼ਾਰਾ ਭੌਤਿਕ ਜ਼ਰੂਰਤਾਂ ਵਿਚ ਹੋਰ ਵੀ ਸੁੱਖਦਾਇਕ ਹੁੰਦਾ ਹੈ। ਕਦੋਂ ਬੱਦਲ ਆਏ ਕਦੋਂ ਚਲੇ ਗਏ, ਪਤਾ ਹੀ ਨਈਂ ਚਲਦਾ। ਧਰਤੀ-ਅਸਮਾਨ ਵਿਚਕਾਰ ਅੱਖ ਮਚੋਲੀ ਖੇਡਦੇ ਬੱਦਲ ਸੁਖਦ ਦ੍ਰਿਸ਼ ਪੈਦਾ ਕਰਦੇ ਹਨ ਜਿਹੜੇ ਮਗਰਸਪਰਸ਼ੀ ਮਾਹੌਲ ਪੈਦਾ ਕਰਦੇ ਹਨ।
ਜੈਸਪਰ 1813 ਵਿਚ ਸਥਾਪਿਤ ਹੋਇਆ। ਜੈਸਪਰ ਨੈਸ਼ਨਲ ਪਾਰਕ 1907 ਵਿਚ ਸਥਾਪਿਤ ਹੋਇਆ ਜੋ ਪ੍ਰਸਿੱਧ ਅਤੇ ਇਤਿਹਾਸਕ ਸਥਾਨ ਦਾ ਦਰਜ਼ਾ ਲੈ ਚੁਕਾ ਹੈ। 1931 ਵਿਚ ਜੈਸਪਰ ਐਡਮਿੰਟਨ ਦੀਆਂ ਸੜਕਾਂ ਨਾਲ ਜੁੜ ਚੁਕਾ ਸੀ। 1940 ਵਿਚ ਪ੍ਰਾਕ੍ਰਿਤਿਕ ਆਈਸ ਫੀਲਡ ਪਾਰਕ ਵੇ ਖੋਲ੍ਹਿਆ ਗਿਆ ਜਿਹੜਾ ਪ੍ਰਸਿੱਧ ਲੋਕ ਲੂਈਸ (ਝੀਲ) ਅਤੇ ਜੈਸਪਰ ਨੂੰ ਜੌੜਦਾ ਹੈ।
ਜੈਸਪਰ, ਅਤਬਾਸਾ ਰਿਵਰ ਘਾਟੀ ਨਾਲ ਸਥਿਤ ਹੈ। ਇੱਥੇ ਪਿਰਾਮਿਡ ਜਿਹੀਆਂ ਆਕਰਸ਼ਕ ਪਹਾੜੀਆਂ ਹਨ। ਨਦੀਆਂ ਦਾ ਅਦਭੁਤ ਸੰਗਮ। ਜੈਸਪਰ ਵਿਖੇ ਪਿਰਾਮਿਡ ਲੇਕ, ਪੈਟਰੀਸੀਆ ਲੇਕ, ਐਨਟ ਲੇਕ, ਏਡਿਸ ਲੇਕ, ਬਿਓਵਰਟ ਲੋਕ, ਮਲਗੀਨ ਲੋਕ, ਮੈਡੀਸਨਸ ਲੇਕ ਅਤੇ ਹੋਰ ਲਘੂ ਝੀਲਾਂ ਇਸ ਸਥਾਨਦੀ ਸ਼ੋਭਾ ਨੂੰ ਚਾਰ ਚੰਨ ਲਾਉਂਦੀਆਂ ਹਨ।
ਇੱਥੇ ਅਨੇਕਾਂ ਵਿਸ਼ਵ ਪ੍ਰਸਿੱਧ ਹੋਰ ਸਥਾਨ ਵੇਖਣਯੋਗ ਹਨ। ਇਸ ਇਲਾਕੇ ਵਲ ਲੱਖਾਂ ਹੀ ਯਾਤਰੀ ਹਰ ਸਾਲ ਆਉਂਦੇ ਹਨ। ਸਹਿਰ ਦੇ ਉਤਰ ਵਿਚ 'ਕਬਾਬਾਸਕਾ ਵੈਲੀ' ਵਿਚ ਇਕ ਪਠਾਰ ਸਥਿਤ ਹੈ। ਇੱਥੇ ਸਥਾਨ ਦੀ ਭਰਮਾਰ ਹੈ ਜਿੱਥੇ ਯਾਤਰੀ ਮਨੋਰੰਜਨ ਲਈ ਜਮ੍ਹਾਂ ਰਹਿੰਦੇ ਹਨ। ਇਸ ਸਥਾਨ ਵਿਖੇ ਹੀ ਇਕ ਇਤਿਹਾਸਕ ਆਰਕੀਟੈਕਚਰਲ ਸ਼ੈਲੀ ਸਥਾਨ ਵੀ ਹੈ ਜੋ ਆਪਣੇ ਪਹਾੜੀ ਵਾਤਾਵਰਣ ਨਾਲ ਸੰਪਰਕ ਬਣਾਉਂਦਾ ਹੈ।

ਇੱਥੋਂ ਦੇ ਇਨਫਰਮੇਸ਼ਨ ਸੈਂਟਰ ਨੂੰ 1996 ਵਿਚ ਇਕ ਰਾਸ਼ਟਰੀਏ ਇਤਿਹਾਸਕ ਸਥਾਨ ਕਿਹਾ ਗਿਆ। ਇਥੋਂ ਦਾ ਆਜਾਇਬ ਘਰ ਕੁਦਰਤੀ ਅਤੇ ਮਾਨਵੀ ਇਤਿਹਾਸ ਦੀਆਂ ਕਹਾਣੀਆਂ ਬਿਆਨ ਕਰਦਾ ਹੈ।

ਇੱਥੋਂ ਦੇ ਮਨਮੋਹਣੇ, ਸੁੰਦਰ ਪਾਰਕ ਇਸ ਤਰ੍ਹਾਂ ਡਿਜ਼ਾਇਨ ਕੀਤੇ ਹੋਏ ਹਨ ਕਿ ਜੰਨਤ ਪ੍ਰਤੀਤ ਹੁੰਦੇ ਹਨ। ਇਹ ਪਾਰਕ ਕੁਦਰਤ ਅਤੇ ਸਭਿਆਚਾਰਕ ਵਿਰਾਸਤ ਨੂੰ ਹਕੀਕਤ ਨਾਲ ਜੋੜਦੇ ਹਨ। ਹਰ ਤਰ੍ਹਾਂ ਦੀ ਸਹੂਲਤ, ਆਧੁਨਿਕਤਾ ਦੀ ਸੂਈ ਵਿਚ ਪਿਰੋ ਕੇ ਰੱਖੀ ਹੈ। ਲਾਜਵਾਬ ਹੈ ਜੈਪਸਰ। ਕਨੇਡਾ ਦਾ ਸੁੰਦਰ ਘੁੰਢ ਹੈ ਜੈਸਪਰ। ਜਿਸਦੇ ਅੰਦਰ ਪ੍ਰਕਿਰਤੀ ਅਤੇ ਮਾਨਵ ਦਾ ਆਵਿਸ਼ਕਾਰ ਛੁਪਿਆ ਹੈ।

## "ਜੈ ਪੁਸਤਕ ਸੱਭਿਆਚਾਰ"

ਵਰਲਡ ਪੰਜਾਬੀ ਟਾਈਮਜ਼
ਡਾ ਜਸਵੀਰ ਸਿੰਘ ਗਰੇਵਾਲ

ਜੈ ਕਿਤਾਬ
ਜੈ ਪੁਸਤਕ
ਜੈ ਪੁਸਤਕ ਸੱਭਿਆਚਾਰ।
ਝਗੜਾ ਨਾ ਕਰੋ, ਰੁਕੋ
ਕਹਿੰਦੇ ਵਿਚਾਰ ਚ ਹੁੰਦਾ ਸੁੱਖ
ਆਖਣ ਕਾਹਲ ਦੇਵੇ ਦੁੱਖ
ਫਿਰ ਸੋਚ ਇੱਕ ਵਾਰ,
ਫਿਰ ਕਰ ਵਿਚਾਰ,
ਠਰੰਮਾ ਟਾਲ੍ਹ ਉਲਾਮਾਂ
ਯਾਰ ਅਕਲ ਨੂੰ ਹੱਥ ਮਾਰ
ਜੈ ਪੁਸਤਕ ਸੱਭਿਆਚਾਰ।

ਜੈ ਵਿਚਾਰ ਪ੍ਰਵਾਹ
ਜੈ ਜਾਗ੍ਰਿਤੀ , ਜੈ ਪੁਨਰਵਿਚਾਰ
ਕਿਤਾਬ ਤੇਰੀ ਸੱਚੀ ਦੋਸਤ ਯਾਰ
ਜੈ ਪੁਸਤਕ ਸੱਭਿਆਚਾਰ।

ਸੁਣੋ ਸਮੱਸਿਆ ਤੋਂ ਹੱਲ ਤੱਕ
ਵਿਚਾਰਾਂ ਦੇ ਅਦਾਨ ਪ੍ਰਦਾਨ ਚੋਂ
ਰੋਸ਼ਨੀ ਦੀ ਕਿਰਨ ਉਪਜਦੀ
ਸਿੱਖਿਆ ਤੇ ਸਾਰਾ ਦਾਰੋਮਦਾਰ।
ਜੈ ਕਿਤਾਬ, ਜੈ ਪੁਸਤਕ
ਜੈ ਪੁਸਤਕ ਸੱਭਿਆਚਾਰ।

ਜੈ ਕਿਤਾਬ,ਜੈ ਪੁਸਤਕ
ਜੈ ਪੁਸਤਕ ਸੱਭਿਆਚਾਰ।
ਸਭ ਤੋਂ ਉਚੀ ਸੁੱਚੀ ਵਿਚਾਰ ਗੋਸਟੀ।
ਜੈ ਵਿਚਾਰ ,ਜੈ ਚਿੰਤਨ ,ਜੈ ਕਿਰਦਾਰ

ਜੈ ਆਲੋਚਨਾ,ਜੈ ਸਿੱਖਿਆ ਸਰੋਕਾਰ
ਟ੍ਰੈਕਟਰ ਚੱਲੇ ਖੇਤੀਂ ਲਾਣੇ ਦਾ,ਝਿੰਜੀਂ ਨਾ ਜਾਵੇ।

ਨੂੰਹ ਨੇ ਚੱਕੀ ਕਾਰ,ਰੋਟੀ ਪਾਣੀ ਖੇਤ ਪਹੁੰਚਾਵੇ
ਸਰਦਾਰ ਸਰਕਾਰੀ ਨੌਕਰੀ ਤੇ ਨਾਲ ਖੇਤੀ ਵੀ।

ਹੈ ਖੇਤਾਂ ਚ ਖਿਲਾਰਦਾ ਵਾਂਗ ਵਿਸਾਰ ਮਾਇਆ।
ਭੁੱਲ ਕੇ ਸਭ ਕੁਦਰਤੀ ਮਾਰਾਂ ਨੂੰ ਆਲੂ ਬੀਜਤੇ।

ਜੈ ਕਿਸਾਨ ,ਜੈ ਮਜ਼ਦੂਰ, ਜੈ ਖੋਜ ਸਥਾਨ
ਜੈ ਕਿਤਾਬ,ਜੈ ਪੁਸਤਕ,, ਜੈ ਖੇਤੀ ਸਾਇੰਸਦਾਨ
ਜੈ ਜੀਵਨ, ਜੈ ਮਾਧਿਅਮ ਸੰਚਾਰ
ਜੈ ਪੁਸਤਕ ਸੱਭਿਆਚਾਰ।
ਕੂੜ, ਕਪਟ, ਹੰਕਾਰ ਮਨੁੱਖ ਦੇ ਨੇ ਦੁਸ਼ਮਣ ਤਿੰਨੇ
ਕਰ ਦਿਓ ਇਹਨਾਂ ਫਾਰਗ, ਮਨ ਤੋਂ ਬਾਹਰ ਤਿੰਨੇ।

ਬਹਿਸ ਨਾ ਕਰੋ, ਲੋਭ ਮੋਹ ਰੰਗ ਵਿਖਾ ਰਹੇ ਨੇ
ਸ਼ਬਦਾਂ ਨੂੰ ਦੁਬਾਰਾ ਸੁਣੋ, ਜੋ ਗੁੱਸੇ ਚ ਕਹੇ ਸੀ।

ਸੱਚੀਂ,ਤੁਹਾਡੇ ਆਚਰਣ ਦਾ ਬਿੰਬ ਬਣਾ ਰਹੇ ਨੇ
ਜੈਸੇ ਤੁਸੀਂ ਅੰਦਰੋਂ ਬਿਲਕੁਲ ਤੈਸਾ ਹੀ ਬਣਾਤਾ ਸੀ।
ਲੱਗਦਾ ਸਭ ਬੇਕਾਰ ਗਿਆ ਪੜ੍ਹਿਆ ਪੋਚਿਆ
ਇਸ ਕਿਹੜੇ ਖਾਤੇ ਪਾਈਏ ਆਕਾ ਕੀ ਵਿਚਾਰ।

ਜੈ ਕਿਤਾਬ,ਜੈ ਪੁਸਤਕ,
ਜੈ ਜਵਾਨ,ਜੈ ਕਿਸਾਨ
ਜੈ ਕਿਸਾਨ, ਜੈ ਮਜ਼ਦੂਰ
ਜੈ ਖੋਜ, ਜੈ ਜੈ ਵਿਚਾਰ
ਜੈ ਪੁਸਤਕ ਸੱਭਿਆਚਾਰ।

## ਚਾਬੀ ਵਾਲਾ ਜੋਕਰ*

ਵਰਲਡ ਪੰਜਾਬੀ ਟਾਈਮਜ਼
ਹਰਪ੍ਰੀਤ ਪੱਤੋ

ਪਾਪੇ ਨਾਲ ਮੈ ਗਿਆ ਸੀ ਮੇਲੇ।
ਜੋਕਰ ਇੱਕ ਬੈਠਾ ਵਿੱਚ ਠੇਲੇ।

ਜਦ ਭਾਈ ਸੀ ਚਾਬੀ ਲਾਉਂਦਾ।
ਨਾਲੇ ਜੋਕਰ ਢੋਲ ਵਜਾਉਂਦਾ।

ਮੁੱਛਾਂ ਕੁੰਢੀਆਂ ਸਿਰ 'ਤੇ ਟੋਪੀ।
ਗੋਗੜ ਉਹਦੀ ਵਾਹਵਾ ਮੋਟੀ।

ਜਿਉਂ ਜਿਉਂ ਉਸ ਦਾ ਠੇਲਾ ਭੱਜੇ।
ਨਾਲ ਨਾਲ਼ ਉਹਦਾ ਢੋਲ ਵੀ ਵੱਜੇ।

ਮੈ ਕਿਹਾ ਪਾਪਾ ਏਹੋ ਜੋਕਰ ਲੈਣਾ।
ਹੋਰ ਖੇਡ ਨੂੰ ਮੈ ਨਹੀਂ ਕਹਿਣਾ।

ਝੱਗਾ ਖਿੱਚ ਪਾਪੇ ਨੂੰ ਰੋਕਾਂ।
ਪਤਾ ਨਹੀਂ ਕਦ ਮਿਲਣਾ ਮੌਕਾ।

ਜੋਕਰ ਠੇਲਾ ਲੱਗੇ ਵਧੀਆ।
ਮੈ ਪਾਪੇ ਨੂੰ ਪਾਇਆ ਕਜ਼ੀਆ।

ਮਹਿੰਗੇ ਮੁੱਲ ਲਿਆ ਖਿਡੋਣਾ।
ਵੇਖੀ ਜਾਵਾਂ ਲੱਗਦਾ ਸੋਹਣਾ।

ਰਾਤ ਨੂੰ ਮੈਨੂੰ ਨੀਂਦ ਨਾ ਆਵੇ।
'ਪੱਤੋ' ਚਾਅ 'ਚ ਨਾ ਬੱਲਬ ਬੁਝਾਵੇ।

## ਦੁਖੜੇ ਪੰਜਾਬ ਦੇ

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

ਬਾਰ੍ਹਵੀਂ ਜਮਾਤ ਦੇ ਕਮਰੇ ਵਿੱਚ ਜਿਉਂ ਹੀ ਅਧਿਆਪਕ ਕਪਿਲ ਸ਼ਰਮਾ ਦਾਖਲ ਹੋਏ, ਵਿਦਿਆਰਥੀ ਘੁਸਰ-ਮੁਸਰ ਕਰ ਰਹੇ ਸਨ। ਉਨ੍ਹਾਂ ਨੇ ਆਉਂਦਿਆਂ ਹੀ ਸਭ ਨੂੰ ਚੁੱਪ ਕਰਨ ਨੂੰ ਕਿਹਾ, ਪਰ ਅਜੇ ਵੀ ਕੋਈ ਕੋਈ ਆਵਾਜ਼ ਆ ਰਹੀ ਸੀ। ਅਧਿਆਪਕ ਨੇ ਸਭ ਤੋਂ ਪਿੱਛੇ ਬੈਠੇ ਬਲਜੀਤ ਤੋਂ ਪੁੱਛਿਆ, "ਕਿਉਂ ਬਈ, ਕੀ ਗੱਲ ਹੈ? ਅੱਜ ਤੁਸੀਂ ਰੌਲਾ ਕਿਉਂ ਪਾ ਰਹੇ ਹੋ?"
"ਸਰ, ਸਾਰੀ ਜਮਾਤ ਸੋਚ ਰਹੀ ਹੈ ਕਿ ਅੱਗੇ ਸਾਡਾ ਕੀ ਬਣੇਗਾ?"
"ਕੀ ਮਤਲਬ?"
"ਸਰ, ਏਥੇ ਪੰਜਾਬ ਵਿੱਚ ਕੋਈ ਪੱਕੀ ਸਰਕਾਰੀ ਨੌਕਰੀ ਹੀ ਨਹੀਂ ਨਿਕਲ ਰਹੀ। ਏਸੇ ਲਈ ਸਾਰੇ ਕੈਨੇਡਾ, ਆਸਟ੍ਰੇਲੀਆ ਵਰਗੇ ਦੇਸ਼ਾਂ 'ਚ ਜਾਣ ਦੀਆਂ ਵਿਉਂਤਾਂ ਬਣਾ ਰਹੇ ਨੇ!"
"ਤੇ ਤੂੰ ਕੀ ਸੋਚਿਐ?"
"ਸਰ, ਮੇਰੇ ਕੋਲ ਬਾਹਰ ਜਾਣ ਵਾਸਤੇ ਪੈਸੇ ਨਹੀਂ ਹਨ ਤੇ ਮੈਂ ਆਪਣੇ ਪਿਤਾ ਜੀ ਨਾਲ ਖੇਤੀ ਵਿੱਚ ਹੱਥ ਵਟਾਉਣ ਬਾਰੇ ਸੋਚ ਰਿਹਾ ਹਾਂ, ਪਰ..."
"ਪਰ ਕੀ...?"
"ਸਰ, ਸਰਕਾਰ ਕਿਸਾਨਾਂ ਤੋਂ ਕਿਸੇ ਨਾ ਕਿਸੇ ਬਹਾਨੇ ਜ਼ਮੀਨਾਂ ਖੋਹ ਰਹੀ ਹੈ, ਇਸਲਈ ਇਹ ਧੰਦਾ ਵੀ ਲਾਹੇਵੰਦ ਨਹੀਂ ਲੱਗ ਰਿਹਾ... ।"
"ਤੇ ਤੂੰ ਮਨੋਜ! ਤੇਰਾ ਕੀ ਪ੍ਰੋਗਰਾਮ ਹੈ?"
"ਸਰ, ਮੇਰੇ ਡੈਡੀ ਦਾ ਫ਼ਾਜ਼ਿਲਕਾ ਵਿੱਚ ਕਿੰਨੂਆਂ ਦਾ ਬਹੁਤ ਵੱਡਾ ਬਾਗ ਸੀ, ਉਸ ਤੇ ਧਿਆਨ ਦੇਣ ਬਾਰੇ ਸੋਚ ਰਿਹਾ ਸਾਂ। ਪਰ ਹੁਣੇ ਆਏ ਹੜ੍ਹਾਂ ਵਿੱਚ ਉਹ ਸਾਰਾ ਬਾਗ ਬਰਬਾਦ ਹੋ ਗਿਆ ਹੈ।"
"ਫਿਰ ਕੀ ਹੋਇਆ? ਸਰਕਾਰ ਵੱਲੋਂ ਮਦਦ ਤਾਂ ਕੀਤੀ ਜਾ ਰਹੀ ਹੈ ਨਾ!"
"ਕਿੱਥੇ ਸਰ! ਇਹ ਤਾਂ ਐਵੇਂ ਅੱਖਾਂ ਪੂੰਝਣ ਵਾਲੀ ਗੱਲ ਹੈ। ਨਾਲੇ ਅਜੇ ਤਾਂ ਐਲਾਨ ਹੀ ਹੈ, ਕੀ ਪਤਾ ਕਦੋਂ ਉਹ ਪੈਸੇ ਪਹੁੰਚਣਗੇ। ਸਾਡੇ ਵਰਗਿਆਂ ਨੂੰ ਤਾਂ ਫਿਰ ਵੀ ਨਹੀਂ ਮਿਲਣੇ, ਪਹੁੰਚ ਵਾਲੇ ਲੈ ਜਾਣਗੇ।"
ਇਹ ਗੱਲਾਂ ਕਰਦਿਆਂ ਕਦੋਂ ਪੀਰੀਅਡ ਬੀਤ ਗਿਆ, ਪਤਾ ਹੀ ਨਾ ਲੱਗਿਆ। ਅਧਿਆਪਕ ਵੀ ਉਦਾਸ ਮਨ ਨਾਲ ਅਗਲੇ ਪੀਰੀਅਡ ਲਈ ਚੱਲ ਪਏ। ਉਨ੍ਹਾਂ ਦਾ ਆਪਣਾ ਹੀ ਹਾਲ ਅਜਿਹਾ ਸੀ। ਕੱਚੀ ਨੌਕਰੀ ਸੀ, ਕੀ ਪਤਾ ਕਦੋਂ ਜਵਾਬ ਮਿਲ ਜਾਏ!